# ਇੱਕ ਪਬਲਿਕ ਹਾਈ ਸਕੂਲ ਨੂੰ ਹੀ ਕਿਉਂ ਚੁਣੀਏ?

## ਮਾਪਿਆਂ ਅਤੇ ਸਰਪ੍ਰਸਤਾਂ ਲਈ ਜਾਣਕਾਰੀ





**ਪਬਲਿਕ ਹਾਈ ਸਕੂਲ ਨੌਜਵਾਨਾਂ ਨੂੰ ਸੰਪੂਰਨ ਤੇ ਸੰਤੋਖਪੂਰਨ ਜੀਵਨ ਜਿਉਣ ਅਤੇ ਸਮਕਾਲੀ ਵਿਸ਼ਵ ਦੀਆਂ ਚੁਣੌਤੀਆਂ ਨਾਲ ਸਿੱਝਣ ਲਈ ਤਿਆਰ ਕਰਦੇ ਹਨ।**

### ਕੁਆਲਿਟੀ ਅਧਿਆਪਨ ਅਤੇ ਸਿੱਖਣਾ

ਵਾਜਬ ਅਤੇ ਚੁਣੌਤੀਪੂਰਨ ਅਧਿਆਪਨ ਅਤੇ ਸਿੱਖਣ ਵਿੱਚ ਸ਼ਾਮਲ ਹੋਣ ਲਈ NSW ਦੇ ਸਕੂਲਾਂ ਵਿਚਲੀ ਜਨਤਕ ਵਿਦਿਅਕ ਪ੍ਰਣਾਲੀ NSW Quality Teaching Framework (ਅਧਿਆਪਨ, ਸਿੱਖਣ ਅਤੇ ਮੁਲੰਕਣ ਦੇ ਅਭਿਆਸਾਂ ਦਾ ਇਕ ਅਜਿਹਾ ਪ੍ਰਬੰਧ ਜੋ ਵਿਦਿਆਰਥੀਆਂ ਲਈ ਸਿੱਖਣ ਦੇ ਨਤੀਜਿਆਂ ਵਿੱਚ ਵਾਧਾ ਕਰਦਾ ਹੈ) ਦਾ ਪ੍ਰਯੋਗ ਕਰਦੀ ਹੈ। ਸਾਡੇ ਅਧਿਆਪਕ ਪੂਰੀ ਤਰ੍ਹਾਂ ਸਿਖਲਾਈ ਪ੍ਰਾਪਤ ਹਨ ਅਤੇ ਟਰਸ਼ਰੀ ਕੁਆਲੀਫਾਈਡ ਹਨ। ਸਾਡੇ ਸਕੂਲਾਂ ਵਿਚ ਮਾਹਿਰ ਸਲਾਹਕਾਰ ਵੀ ਆਉਂਦੇ ਹਨ ਜੋ ਨਿਯਮਤ ਰੂਪ ਵਿੱਚ ਅਧਿਆਪਕਾਂ ਨੂੰ ਆਪਣੀ ਸਲਾਹ ਅਤੇ ਸਿਖਲਾਈ ਦਿੰਦੇ ਹਨ ਤਾਂ ਜੋ ਜਮਾਤਾਂ ਦੇ ਕਮਰਿਆਂ ਵਿੱਚ ਸਾਡਾ ਅਧਿਆਪਨ ਅਤੇ ਸਿਖਲਾਈ ਉੱਚਤਮ ਮਾਪਦੰਡਾਂ ਦੀ ਰਹੇ।

### ਵਿਸ਼ਾਲ ਪਾਠਕ੍ਰਮ ਦੇ ਮੌਕੇ

NSW ਦੇ ਪਬਲਿਕ ਹਾਈ ਸਕੂਲ ਵਿਦਿਆਰਥੀਆਂ ਨੂੰ ਵਿਸ਼ਿਆਂ, ਮੌਕਿਆਂ ਅਤੇ ਮੁਹਾਰਤ ਦੀ ਵਿਸ਼ਾਲਤਾ ਪ੍ਰਦਾਨ ਕਰਦੇ ਹਨ। ਸਾਡੇ ਵਿਦਿਆਰਥੀ ਪੇਸ਼ਾਵਰਾਨਾ ਸਿੱਖਿਆ ਅਤੇ ਸਿਖਲਾਈ ਦੇ ਮੌਕਿਆਂ ਰਾਹੀਂ ਨਾ ਕੇਵਲ ਸਕੂਲੀ ਵਿਸ਼ਿਆਂ ਦੀ ਇਕ ਵਿਸ਼ਾਲ ਰੇਂਜ ਨਾਲ ਦੋ-ਚਾਰ ਹੁੰਦੇ ਹਨ, ਸਗੋਂ ਉਨ੍ਹਾਂ ਨੂੰ ਵਿਭਿੰਨ ਕੋਰਸਾਂ ਵਿੱਚੋਂ ਦੀ ਲੰਘਣਾ ਪੈਂਦਾ ਹੈ, ਕਈ TAFE ਸੰਸਥਾਨਾਂ ਨਾਲ ਸੰਯੋਜਨ ਵਿੱਚ ਮੁਹੱਈਆ ਹੁੰਦੇ ਹਨ। ਸੀਨੀਅਰ ਵਿਦਿਆਰਥੀ ਯੂਨੀਵਰਸਿਟੀ ਪੱਧਰ ਦੇ ਅਜਿਹੇ ਵਿਸ਼ਿਆਂ ਦਾ ਵੀ ਅਧਿਐਨ ਕਰ ਸਕਦੇ ਹਨ ਜੋ HSC (Year 11 and 12 ਕੋਰਸ ਦੀਆਂ ਜ਼ਰੂਰਤਾਂ ਦੇ ਸਫਲਤਾਪੂਰਬਕ ਮੁਕੰਮਲ ਹੋਣ ਮੌਕੇ ਪ੍ਰਾਪਤ ਹੋਣ ਵਾਲਾ ਸਰਟੀਫਿਕੇਟ) ਨਾਲ ਸਬੰਧਤ ਹੁੰਦੇ ਹਨ। ਦਿਹਾਤੀ ਅਤੇ ਦੂਰ-ਦਰਾਜ਼ ਦੇ ਇਲਾਕਿਆਂ ਵਿੱਚ ਬਹੁਤ ਸਾਰੇ ਸਕੂਲ, ਵਧੀਕ ਵਿਸ਼ੇ ਮੁਹੱਈਆ ਕਰਵਾਉਣ ਲਈ ਕੰਪਿਊਟਰ ਲਿੰਕ-ਅਪਸ ਦੀ ਵਰਤੋਂ ਕਰਦੇ ਹਨ।

### ਮਜ਼ਬੂਤ ਕਦਰਾਂ ਕੀਮਤਾਂ

ਤੁਹਾਡਾ ਸਥਾਨਕ ਪਬਲਿਕ ਹਾਈ ਸਕੂਲ ਉਨ੍ਹਾਂ ਅਹਿਮ ਕਦਰਾਂ-ਕੀਮਤਾਂ ਦੀ ਸਿੱਖਿਆ ਨੂੰ ਜਾਰੀ ਰੱਖਦਾ ਹੈ ਜੋ ਤੁਹਾਡੇ ਬੱਚੇ ਦੇ ਪ੍ਰਾਇਮਰੀ ਸਕੂਲ ਵਿੱਚ ਸ਼ੁਰੂ ਹੋਈ ਸੀ। ਇਹ ਲਾਜ਼ਮੀ ਹੈ ਕਿ ਸਾਡੇ ਵਿਦਿਆਰਥੀ : ਸਤਿਕਾਰ, ਜ਼ਿੰਮੇਵਾਰੀ, ਅਖੰਡਤਾ, ਉੱਤਮਤਾ, ਖੁੱਲ੍ਹਾਪਣ, ਸਹਿਯੋਗ, ਸ਼ਮੂਲੀਅਤ, ਸੰਭਾਲ, ਨਿਰਪੱਖਤਾ ਅਤੇ ਜਮਹੂਰੀਅਤ ਦੀ ਅਹਿਮੀਅਤ ਨੂੰ ਸਮਝਣ। ਇਸ ਤਰੀਕੇ ਨਾਲ, ਅਸੀਂ ਤੁਹਾਡੇ ਬੱਚੇ ਦੀ ਇਨ੍ਹਾਂ ਕੰਮਾਂ ਲਈ ਮਦਦ ਕਰ ਸਕਦੇ ਹਾਂ :

- ਸਿੱਖਣ ਪ੍ਰਤੀ ਪਿਆਰ ਵਿਕਸਤ ਕਰਨ ਵਿੱਚ
- ਵਿਸ਼ਿਸ਼ਟਤਾ ਅਤੇ ਉੱਚ ਮਾਪਦੰਡਾਂ ਦੀ ਪੈਰਵੀ ਕਰਨ ਵਿੱਚ
- ਖ਼ੁਦ ਅਤੇ ਹੋਰਨਾਂ ਲਈ ਸੰਭਾਲ ਅਤੇ ਸਤਿਕਾਰ ਵਿਕਸਤ ਕਰਨ ਵਿੱਚ
- ਆਪਣੇ ਕੰਮ ਵਿੱਚ ਮਾਣ ਹਾਸਲ ਕਰਨ ਵਿੱਚ
- ਸਵੱਛਤਾ ਅਤੇ ਸਮਾਜਕ ਨਿਆਂ ਦੀ ਮਜ਼ਬੂਤ ਭਾਵਨਾ ਦਾ ਪ੍ਰਦਰਸ਼ਨ ਕਰਨ ਵਿੱਚ
- ਆਸਟਰੇਲੀਆ ਦੇ ਇਤਿਹਾਸ ਅਤੇ ਬਹੁ-ਸਭਿਆਚਾਰਕ ਸਮਾਜ ਦੀ ਸ਼ਲਾਘਾ ਹਾਸਲ ਕਰਨ ਵਿੱਚ
- ਨਾਗਰਿਕਾਂ ਵਜੋਂ ਸਰਗਰਮੀ ਨਾਲ ਸ਼ਮੂਲੀਅਤ ਕਰਨ ਵਿੱਚ

### ਸ਼ਾਨਦਾਰ ਸਮਰਥਨ ਸੇਵਾਵਾਂ

ਪਬਲਿਕ ਸਕੂਲ ਪ੍ਰਣਾਲੀ ਦੀਆਂ ਪ੍ਰਮੁੱਖ ਸ਼ਕਤੀਆਂ ਵਿੱਚੋਂ ਇੱਕ ਹੈ, ਉਨ੍ਹਾਂ ਲੋਕਾਂ ਦਾ ਇੱਕ ਵਿਸ਼ਾਲ ਨੈੱਟਵਰਕ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਹਰੇਕ ਬੱਚਾ ਸਫਲਤਾਪੂਰਬਕ ਆਪਣੇ ਨਵੇਂ ਸਕੂਲ ਦੇ ਮਾਹੌਲ ਦੇ ਅਨੁਕੂਲ ਬਣੇ।

ਸਮਰਥਨ ਸੇਵਾਵਾਂ ਦੀ ਇਹ ਵਿਸ਼ਾਲ ਰੇਂਜ ਵਿਦਿਆਰਥੀਆਂ ਨੂੰ ਹਾਈ ਸਕੂਲ ਵਿੱਚ ਤਬਦੀਲੀ ਵੇਲੇ ਇਨ੍ਹਾਂ ਗੱਲਾਂ ਵਿੱਚ ਮਦਦ ਕਰਦੀ ਹੈ :

- ਵਿਦਿਆਰਥੀ ਸਲਾਹਕਾਰ
- ਕੈਰੀਅਰ ਬਾਰੇ ਸਲਾਹਕਾਰ
- ਵਿਦਿਆਰਥੀ ਕਲਿਆਣ ਟੀਮਾਂ
- ਕੁਆਲੀਫ਼ਾਈਡ ਸਕੂਲ ਕੌਂਸਲਰ
- ਸਿੱਖਣ ਦੇ ਰਾਹ ਵਿੱਚ ਆਉਣ ਵਾਲੀਆਂ ਔਕੜਾਂ ਨਾਲ ਸਿੱਝਣ ਵਿੱਚ ਵਿਦਿਆਰਥੀਆਂ ਦੀ ਮਦਦ ਲਈ ਸਮਰਥਕ ਅਧਿਆਪਕ
- ਅੰਗਰੇਜ਼ੀ, ਦੂਜੀ ਭਾਸ਼ਾ ਦੇ ਅਧਿਆਪਕਾਂ ਵਜੋਂ
- ਮੂਲ ਸਿੱਖਿਆ ਸਹਾਇਕ
- ਕਮਿਊਨਿਟੀ ਜਾਣਕਾਰੀ ਅਤੇ ਤਾਲਮੇਲ ਅਧਿਕਾਰੀ

## ਵਿਚਕਾਰਲੇ ਸਾਲਾਂ ਉਤੇ ਇੱਕ ਫੋਕਸ (Years 5 -9)

NSW ਵਿਚ ਸਮੁੱਚੇ ਪਬਲਿਕ ਸਕੂਲਾਂ ਵਿੱਚ 'ਵਿਚਕਾਰਲੇ ਸਾਲਾਂ ਜਾਂ ਮੱਧਕਾਲੀ ਸਾਲਾਂ' ਦੌਰਾਨ ਬੱਚਿਆਂ ਦੀ ਸਹਾਇਤਾ ਕਰਨ ਦੇ ਕਾਰਜ ਨੂੰ ਬਹੁਤ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ। ਸਕੂਲਾਂ ਨੇ ਵਿਚਕਾਰਲੇ ਸਾਲਾਂ ਦੀ ਉਮਰ ਦੇ ਬੱਚਿਆਂ ਲਈ ਅਜਿਹੇ ਪ੍ਰੋਗਰਾਮ ਵਿਕਸਤ ਕੀਤੇ ਹੋਏ ਹਨ ਜੋ ਬਹੁਤ ਹੀ ਜ਼ਿਆਦਾ ਸਫ਼ਲ ਸਿੱਧ ਹੋਏ ਹਨ ਤਾਂ ਜੋ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਹਾਈ ਸਕੂਲ ਤੱਕ ਪਹੁੰਚਣਾ ਹਰ ਸੰਭਵ ਤਰੀਕੇ ਨਾਲ ਆਸਾਨ ਬਣ ਸਕੇ।

**ਉੱਚ ਅਕਾਦਮਿਕ ਨਤੀਜੇ, ਮਿਆਰੀ ਅਧਿਆਪਨ ਅਤੇ ਸਿਖਲਾਈ, ਵਿਸ਼ਾਲ ਪਾਠਕ੍ਰਮ ਦੇ ਮੌਕੇ, ਮਜ਼ਬੂਤ ਕਦਰਾਂ ਕੀਮਤਾਂ, ਸ਼ਾਨਦਾਰ ਸਮਰਥਨ ਸੇਵਾਵਾਂ ਅਤੇ ਮੱਧਕਾਲੀ ਸਾਲਾਂ ਉਤੇ ਖ਼ਾਸ ਫ਼ੋਕਸ - ਤੁਹਾਡੇ ਬੱਚੇ ਨੂੰ ਇਕ ਪਬਲਿਕ ਹਾਈ ਸਕੂਲ ਵਿੱਚ ਦਾਖ਼ਲ ਕਰਵਾਉਣ ਦੇ ਛੇ ਵਧੀਆ ਕਾਰਨ।**

## ਟੈਲੀਫ਼ੋਨ ਇੰਟਰਪ੍ਰੇਟਰ ਸੇਵਾ

ਜੇ ਤੁਹਾਨੂੰ ਤੁਹਾਡੇ ਪ੍ਰਿੰਸੀਪਲ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਸਹਾਇਤਾ ਲਈ ਇੱਕ ਇੰਟਰਪ੍ਰੇਟਰ ਦੀ ਲੋੜ ਹੈ, ਤਾਂ ਕ੍ਰਿਪਾ ਕਰਕੇ ਟੈਲੀਫ਼ੋਨ ਨੰਬਰ 131 450 ਉਤੇ ਟੈਲੀਫ਼ੋਨ ਇੰਟਰਪ੍ਰੇਟਰ ਸਰਵਿਸ ਨੂੰ ਕੱਾਲ ਕਰੋ ਅਤੇ ਆਪਣੀ ਭਾਸ਼ਾ ਵਿੱਚ ਇੱਕ ਇੰਟਰਪ੍ਰੇਟਰ ਮੰਗੋ। ਇੰਟਰਪ੍ਰੇਟਰ ਪ੍ਰਿੰਸੀਪਲ ਨੂੰ ਫ਼ੋਨ ਕਰੇਗਾ ਅਤੇ ਤੁਹਾਡੀ ਪ੍ਰਿੰਸੀਪਲ ਨਾਲ ਗੱਲਬਾਤ ਦੌਰਾਨ ਤੁਹਾਡੀ ਸਹਾਇਤਾ ਲਈ ਲਾਈਨ ਉਤੇ ਬਣਿਆ ਰਹੇਗਾ। ਇਸ ਸੇਵਾ ਲਈ ਤੁਹਾਡੇ ਤੋਂ ਕੋਈ ਖ਼ਰਚਾ ਨਹੀਂ ਵਸੂਲਿਆ ਜਾਵੇਗਾ।

NSW Department of Education

GPO Box 33
Sydney NSW 2001
T 9561 8000

NSW GOVERNMENT | Education Public Schools

PUNJABI